# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ :16-02-2026**

ਭਾਰਤ ਏ.ਆਈ. ਇੰਪੈਕਟ ਸਿਖਰ ਸੰਮੇਲਨ-2026 ਨਵੀਂ ਦਿੱਲੀ ਵਿੱਚ ਸ਼ੁਰੂ ਹੋ ਗਿਆ ਏ। ਇਸ ਪੰਜ ਦਿਨਾਂ ਸਿਖਰ ਸੰਮੇਲਨ ਲਈ 100 ਤੋਂ ਵੱਧ ਦੇਸ਼ਾਂ ਨੂੰ ਸੱਦਾ ਦਿੱਤਾ ਗਿਆ ਏ ਅਤੇ 2 ਲੱਖ ਤੋਂ ਵੱਧ ਲੋਕਾਂ ਨੇ ਰਜਿਸਟ੍ਰੇਸ਼ਨ ਕਰਵਾਈ ਏ। 20 ਦੇਸ਼ਾਂ ਦੇ ਆਲਮੀ ਸਿਆਸਤਦਾਨਾਂ ਨੇ ਇਸ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਆਉਣਾ ਏ।  ਇਹ ਸੰਮੇਲਨ ਵਿਸ਼ਵ ਏ.ਆਈ. ਕਾਰਜਯੋਜਨਾ ਵਿੱਚ ਭਾਰਤ ਦੀ ਭੂਮਿਕਾ ਨੂੰ ਮਜ਼ਬੂਤ ਕਰਨ ਲਈ ਅਹਿਮ ਮੰਚ ਏ। ਭਾਰਤ ਏ.ਆਈ. ਇੰਪੈਕਟ ਸਿਖਰ ਸੰਮੇਲਨ-2026 ਤਿੰਨ ਮੁੱਖ ਵਿਸ਼ਿਆਂ : ਲੋਕ, ਗ੍ਰਹਿ ਤੇ ਪ੍ਰਗਤੀ ਉੱਤੇ ਕੇਂਦਰਤ ਰਹੇਗਾ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਦੇਸ਼ ਵਾਸੀਆਂ ਲਈ ਇਹ ਬਹੁਤ ਮਾਣ ਦੀ ਗੱਲ ਏ ਕਿ ਦੁਨੀਆ ਭਰ ਤੋਂ ਲੋਕ ਇੰਡੀਆ ਏ.ਆਈ. ਇੰਪੈਕਟ ਸਿਖਰ ਸੰਮੇਲਨ ਲਈ ਭਾਰਤ ਆ ਰਹੇ ਨੇ। ਇਕ ਸੋਸ਼ਲ ਮੀਡੀਆ ਪੋਸਟ ਵਿੱਚ ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਇਸ ਸੰਮੇਲਨ ਲਈ

ਦੁਨੀਆ ਭਰ ਤੋਂ ਆ ਰਹੇ ਆਲਮੀ ਆਗੂਆਂ, ਸਨਅਤੀ ਖੇਤਰ ਦੇ ਮੋਹਰੀਆਂ, ਨਵੇਂ ਕਾਢਕਾਰਾਂ, ਨੀਤੀ-ਘਾੜਿਆਂ, ਖੋਜਕਾਰਾਂ ਤੇ ਤਕਨਾਲੋਜੀ ਪ੍ਰੇਮੀਆਂ ਦਾ ਤਹਿ ਦਿਲੋਂ ਸਵਾਗਤ ਕੀਤਾ ਏ।

------------------------------------------------------------------------

ਜ਼ਿਲ੍ਹਾ ਬਾਲ ਸੁਰੱਖਿਆ ਇਕਾਈ, ਨਵਾਂਸ਼ਹਿਰ ਨੇ ਪ੍ਰੋਜੈਕਟ ਜੀਵਨਜੋਤ 2.0 ਤਹਿਤ ਭੀਖ ਮੰਗਣ ਵਿਰੋਧੀ ਮੁਹਿੰਮ ਦੌਰਾਨ ਪੰਜ ਕੁੜੀਆਂ ਸਮੇਤ 10 ਬੱਚਿਆਂ ਨੂੰ ਭੀਖ ਮੰਗਣ ਤੋਂ ਬਚਾਇਆ ਏ। ਇਹ ਪ੍ਰੋਜੈਕਟ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਦੀਆਂ ਹਦਾਇਤਾਂ ਤਹਿਤ ਲਾਗੂ ਕੀਤਾ ਗਿਆ ਏ। ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਨੇ ਆਕਾਸ਼ਵਾਣੀ ਨੂੰ ਦੱਸਿਆ ਕਿ  ਭੀਖ ਮੰਗਾਉਣ ਲਈ ਇਸਤੇਮਾਲ ਕੀਤੇ ਜਾ ਰਹੇ ਬੱਚਿਆਂ ਦੀਆਂ ਮਾਵਾਂ  ਦੀ ਕੌਂਸਲਿੰਗ ਕੀਤੀ ਗਈ ਏ ਅਤੇ ਬੱਚਿਆਂ ਦੀ ਸਲਾਮਤੀ ਲਈ ਇਹ ਮਾਮਲੇ ਬਾਲ ਭਲਾਈ ਕਮੇਟੀ ਅੱਗੇ ਪੇਸ਼ ਕੀਤੇ ਗਏ ਨੇ।

Byte

ਉਨ੍ਹਾਂ ਨੇ ਆਮ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਭੀਖ ਮੰਗ ਰਹੇ ਬੱਚਿਆਂ ਸਬੰਧੀ ਜਾਣਕਾਰੀ ਹੈਲਪਲਾਈਨ ਨੰਬਰ 1098 ਉੱਤੇ ਸਾਂਝੀ ਕਰਨ ,ਤਾਂ ਕਿ ਬੱਚਿਆਂ ਦਾ ਭਵਿੱਖ ਬਚਾਇਆ ਜਾ ਸਕੇ।

--------------------------------------------------------------------------------

ਬਿਨਾ ਟਿਕਟ ਯਾਤਰਾ 'ਤੇ ਰੋਕ ਲਾਉਣ ਦੇ ਮਕਸਦ ਨਾਲ ਉੱਤਰ ਰੇਲਵੇ ਦੇ ਫਿਰੋਜ਼ਪੁਰ ਮੰਡਲ ਵੱਲੋਂ ਜਲੰਧਰ ਸਿਟੀ ਰੇਲਵੇ ਸਟੇਸ਼ਨ 'ਤੇ ਵਿਸ਼ੇਸ਼ ਟਿਕਟ ਜਾਂਚ ਮੁਹਿੰਮ 'ਫੋਰਟ੍ਰੈੱਸ ਚੈੱਕ' ਚਲਾਈ ਗਈ । ਇਸ ਜਾਂਚ ਮੁਹਿੰਮ ਦੌਰਾਨ ਕੁੱਲ 243 ਬਿਨਾ-ਟਿਕਟ ਯਾਤਰੀਆਂ ਨੂੰ ਫੜਿਆ ਗਿਆ, ਜਿਨ੍ਹਾਂ ਤੋਂ ਲਗਭਗ 1.67 ਲੱਖ ਰੁਪਏ ਦੀ ਵਸੂਲੀ ਕੀਤੀ ਗਈ। ਇਹ ਮੁਹਿੰਮ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਜਾਰੀ ਰਹੀ । ਜਾਂਚ ਮੁਹਿੰਮ ਦੌਰਾਨ 14 ਟਿਕਟ ਜਾਂਚ ਕਰਮਚਾਰੀਆਂ ਅਤੇ ਆਰ.ਪੀ.ਐੱਫ. ਦੇ ਜਵਾਨਾਂ ਨੇ ਸਾਂਝੇ ਤੌਰ 'ਤੇ ਯੋਗਦਾਨ ਪਾਇਆ। ਫੋਰਟ੍ਰੈੱਸ ਚੈਕ ਤਹਿਤ ਸਟੇਸ਼ਨ ਕੰਪਲੈਕਸ ਵਿੱਚ ਬਿਨਾ ਅਗਾਊਂ ਇਤਲਾਹ ਤੋਂ ਰੇਲਵੇ ਮੁਸਾਫ਼ਰਾਂ ਦੀ ਜਾਂਚ ਕੀਤੀ ਜਾਂਦੀ ਏ। ਇਸ ਬਾਰੇ ਸੀਨੀਅਰ ਮੰਡਲ ਵਣਜ ਪ੍ਰਬੰਧਕ ਪਰਮਦੀਪ ਸਿੰਘ ਸੈਣੀ ਨੇ ਅਪੀਲ ਕੀਤੀ ਏ ਕਿ ਲੋਕ ਹਮੇਸ਼ਾ ਟਿਕਟ ਲੈ ਕੇ ਯਾਤਰਾ ਕਰਨ। ਯਾਤਰੀਆਂ ਦੀ ਸਹੂਲਤ ਅਤੇ ਮਾਲੀਏ ਦੀ ਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਭਵਿੱਖ ਵਿੱਚ ਵੀ ਇਹੋ-ਜਿਹੀਆਂ ਟਿਕਟ ਜਾਂਚ ਮੁਹਿੰਮਾਂ ਜਾਰੀ ਰਹਿਣਗੀਆਂ।

--------------------------------------------------------------------------------

ਬੀਤੀ ਰਾਤ ਮਰਦਾਂ ਦੇ ਆਈ.ਸੀ.ਸੀ. ਟਵੰਟੀ-ਟਵੰਟੀ ਕ੍ਰਿਕੇਟ ਵਿਸ਼ਵ ਕੱਪ ਵਿੱਚ ਇਕ ਰੋਮਾਂਚਕ ਮੈਚ ਵਿੱਚ ਭਾਰਤ ਨੇ ਪਾਕਿਸਤਾਨ ਨੂੰ 61

ਦੌੜਾਂ ਨਾਲ ਹਰਾਇਆ। ਕੱਲ੍ਹ ਕੋਲੰਬੋ ਵਿੱਚ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ, ਭਾਰਤ ਨੇ ਤੈਅ 20 ਓਵਰਾਂ ਵਿੱਚ ਸੱਤ ਵਿਕਟਾਂ 'ਤੇ 175 ਦੌੜਾਂ ਬਣਾਈਆਂ। ਇਸ ਜਿੱਤ ਨਾਲ, ਭਾਰਤ ਵਿਸ਼ਵ ਕੱਪ ਵਿੱਚ ਸੁਪਰ-8 ਵਿੱਚ ਥਾਂ ਬਣਾਉਣ ਵਾਲੀ ਦੂਜੀ ਟੀਮ ਬਣ ਗਈ ਏ। ਅੱਜ ਟੂਰਨਾਮੈਂਟ ਵਿੱਚ ਤਿੰਨ ਮੈਚ ਖੇਡੇ ਜਾ ਰਹੇ ਨੇ। ਅਫ਼ਗਾਨਿਸਤਾਨ ਅਤੇ ਸੰਯੁਕਤ ਅਰਬ ਅਮੀਰਾਤ ਦਰਮਿਆਨ ਮੈਚ ਦਿੱਲੀ ਵਿੱਚ ਖੇਡਿਆ ਜਾ ਰਿਹਾ ਏ, ਜਿਸ ਵਿਚ ਅਫ਼ਗਾਨਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਏ। ਹੋਰਨਾਂ ਮੈਚਾਂ ਵਿਚ ਇੰਗਲੈਂਡ ਦਾ ਸਾਹਮਣਾ ਇਟਲੀ ਨਾਲ ਕੋਲਕਾਤਾ ਵਿੱਚ ਦੁਪਹਿਰ ਬਾਅਦ 3 ਵਜੇ ਹੋਵੇਗਾ। ਆਸਟ੍ਰੇਲੀਆ ਦਾ ਸਾਹਮਣਾ ਸ਼੍ਰੀਲੰਕਾ ਦੇ ਪੱਲੇਕੇਲੇ ਵਿੱਚ ਸ਼ਾਮ 7 ਵਜੇ ਤੋਂ ਹੋਵੇਗਾ।

---------------------------------------------------------------------------------